18-12-1994

(17)

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਸੰਤ ਰਾਮ ਉਦਾਸੀ ਯਾਦਗਾਰੀ ਮੇਲਾ:**

ਇਨਕਲਾਬੀ ਸਭਿਆਚਾਰਕ ਹਲਕਿਆਂ ਵਿਚ ਇਹ ਖ਼ਬਰ ਬੜੀ ਤਸੱਲੀ ਵਾਲੀ ਹੈ ਕਿ ਉਦਾਸੀ ਦੀ ਯਾਦ ਵਿਚ ਬਰਨਾਲਾ ਵਿਖੇ 9, 10 ਤੇ 11 ਦਸੰਬਰ ਇਕ ਕਾਮਯਾਬ ਮੇਲਾ ਆਯੋਜਿਤ ਕੀਤਾ ਗਿਆ, ਜਿਹੜਾ ਉਦਾਸੀ ਦੀ ਵਿਚਾਰਧਾਰਾ ਦੇ ਅਨਕੂਲ ਸੀ। ਉਦਾਸੀ ਇਕ ਵਿਸ਼ੇਸ਼ ਲੋਕਧਾਰਾ ਦਾ ਕਵੀ ਵੀ ਸੀ ਤੇ ਗਾਇਕ ਵੀ ਸੀ। ਉਸ ਦੇ ਗੀਤਾਂ ਦੇ ਬੋਲ ਇਨਕਲਾਬੀ ਸਮਾਗਮਾਂ ਦੀ ਸ਼ਾਨ ਸਨ। ਉਸ ਦੀ ਲੋਕ ਪ੍ਰਿਯਤਾ ਤੋਂ ਲਾਹਾ ਲੈਣ ਲਈ ਕੁਝ ਲੋਕਾਂ ਨੇ ਉਹਦੇ ਨਾਂ ਉਤੇ ਸਮਾਗਮ ਵੀ ਕੀਤੇ ਤੇ ਸਨਮਾਨ ਵੀ ਦਿੱਤੇ ਪਰ ਉਹ ਸਭ ਕੁਝ ਉਹਦੀ ਵਿਚਾਰਧਾਰਾ ਨਾਲ ਇਨਸਾਫ ਨਹੀਂ ਸਨ ਕਰਦੇ। ਲੋਕਾਂ ਦੀਆਂ ਪੀੜਾਂ ਗਾਉਣ ਵਾਲੇ ਸ਼ਾਇਰ ਦੇ ਨਾਂ 'ਤੇ ਜੋ ਸਨਮਾਨ ਉਨ੍ਹਾਂ ਨੂੰ ਦਿੱਤੇ ਜਾਣ ਜੋ ਸਿਰਫ ਇਸ਼ਕ ਮਾਸ਼ੂਕੀ ਦੇ ਹੱਲਕੇ ਫੁਲਕੇ ਗੀਤ ਗਾਉਣ ਵਾਲੇ ਹੋਣ ਤਾਂ ਇਸ ਨੂੰ ਸਭਿਆਚਾਰਕ ਬੇਈਮਾਨੀ ਤੋਂ ਸਿਵਾ ਕੁਝ ਨਹੀਂ ਕਿਹਾ ਜਾ ਸਕਦਾ। 9, 10 ਤੇ 11 ਦਸੰਬਰ ਬਰਨਾਲਾ ਵਿਚ ਜੋ ਸਮਾਗਮ ਕੀਤੇ ਗਏ, ਉਨ੍ਹਾਂ ਵਿਚ 9-10 ਦਸੰਬਰ ਸਕੂਲ ਦੇ ਬੱਚਿਆਂ ਦੇ ਉਦਾਸੀ ਰਚਿਤ ਕਵਿਤਾ ਉਚਾਰਨ ਅਤੇ ਗੀਤ ਮੁਕਾਬਲੇ ਕੀਤੇ ਗਏ। 5ਵੀਂ ਤੋਂ 8ਵੀਂ ਤਕ ਵਿਦਿਆਰਥੀ ਤੇ ਵਿਦਿਆਰਥਣਾਂ ਇਕ ਗਰੁੱਪ ਵਿਚ ਰੱਖੇ ਗਏ ਅਤੇ 9ਵੀਂ ਤੋਂ +2 ਤਕ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਦੂਜੇ ਗਰੁੱਪ ਵਿਚ। ਵੱਡੀ ਗਿਣਤੀ ਵਿਚ ਵਿਦਿਆਰਥੀਆਂ, ਵਿਦਿਆਰਥਣਾਂ ਨੇ ਇਸ ਵਿਚ ਹਿੱਸਾ ਲਿਆ। ਅਧਿਆਪਕਾਂ ਦੀ ਵੀ ਇਸ ਸਮਾਗਮ 'ਚ ਭਰਪੂਰ ਹਾਜ਼ਰੀ ਸੀ। ਉਦਾਸੀ ਦੀ ਕਵਿਤਾ ਦਾ ਉਚਾਰਨ ਅਤੇ ਗੀਤ ਜਿਸ ਤਰ੍ਹਾਂ ਗਾਏ ਗਏ, ਉਹ ਇਸ ਗੱਲ ਦਾ ਪਰਮਾਣ ਸਨ ਕਿ ਉਦਾਸੀ ਦੀ ਸਰੋਦੀ ਕਾਵਿਕ ਅਤੇ ਗੀਤ ਸ਼ੈਲੀ ਹੁਣ ਆਪਣੇ ਆਪ ਵਿਚ ਇਕ ਪਰੰਪਰਾ ਬਣ ਗਈ ਹੈ। ਆਉਣ ਵਾਲੀਆਂ ਪੀੜ੍ਹੀਆਂ ਇਸ ਪਰੰਪਰਾ ਨੂੰ ਸਾਂਭ ਕੇ ਰੱਖਣਗੀਆਂ, ਇਸ ਦੀ ਆਸ ਪੂਰੀ ਬਣਦੀ ਹੈ। ਆਖਰੀ ਦਿਨ ਇਕ ਵਿਸ਼ਾਲ ਸਮਾਗਮ ਹੋਇਆ ਜਿਸ ਵਿਚ ਡਾ. ਸਾਹਬ ਸਿੰਘ ਅਤੇ ਕੁਮਾਰ ਪਵਨਦੀਪ ਦੀ ਨਿਰਦੇਸ਼ਨਾ ਥੱਲੇ ਤਿੰਨ ਨਾਟਕ ਘੁੰਮਣਘੇਰੀ, ਫੌਜਣ ਅਤੇ ਪਲੈਨਿੰਗ ਖੇਡੇ ਗਏ ਜੋ ਨਾਟਕ ਕਲਾ ਦੀਆਂ ਉਤਮ ਮਿਸਾਲਾਂ ਸਨ। ਲੋਕ ਸੰਗੀਤ ਮੰਡਲੀ ਭਦੌੜ ਅਤੇ ਸੰਗੀਤ ਮੰਡਲੀ ਧੌਲਾ ਨੇ ਉਦਾਸੀ ਦੇ ਗੀਤਾਂ ਦੀ ਸ਼ਕਤੀਸ਼ਾਲੀ ਪੇਸ਼ਕਸ਼ ਕੀਤੀ। ਡਾ. ਦਰਸ਼ਨ ਪਾਲ ਨੇ ਉਦਾਸੀ ਦੀ ਇਨਕਲਾਬੀ ਸਭਿਆਚਾਰ ਨੂੰ ਦੇਣ ਬਾਰੇ ਵਿਸਥਾਰ ਨਾਲ ਗੱਲ ਕੀਤੀ। ਇਨਕਲਾਬੀ ਸ਼ਾਇਰ ਮਹਿੰਦਰ ਭੱਠਲ ਨੂੰ ਸਨਮਾਨਿਤ ਕੀਤਾ ਗਿਆ। 'ਗਾਂਧੀ ਬੇਨਕਾਬ' ਵਰਗੀਆਂ ਲਿਖਤਾਂ ਲਿਖਣ ਵਾਲੇ ਇਨਕਲਾਬੀ ਲੇਖਕ ਹੰਸ ਰਾਜ ਰਹਿਬਰ ਨੂੰ ਯਾਦ ਕੀਤਾ ਗਿਆ। ਸਾਰੇ ਸਮਾਗਮਾਂ ਵਿਚ ਉਦਾਸੀ ਨੂੰ ਜਿੱਥੇ ਢੁੱਕਵੀਂ ਸ਼ਰਧਾਂਜਲੀ ਦਿੱਤੀ ਗਈ ਉਥੇ ਸੁਹਜ ਤੋਂ ਕੋਰੀ ਵਪਾਰਕ ਕਿਸਮ ਦੀ ਗਾਇਕੀ ਦਾ ਬਦਲ ਵੀ ਪੇਸ਼ ਕੀਤਾ ਗਿਆ। ਨਰਭਿੰਦਰ ਸਿੰਘ, ਗੁਰਮੀਤ ਸੁਖਪੁਰਾ, ਹਰਚਰਨ ਚੰਨਾ, ਜਸਵੰਤ ਧੌਲਾ, ਬਲਵਿੰਦਰ ਜਵੰਦਾ, ਲਾਭ ਅਕਲੀਆ, ਗੁਰਚਰਨ ਭੋਤਨਾ, ਰਾਮ ਕੁਮਾਰ ਭਦੌੜ, ਸੁਖਦਰਸ਼ਨ ਨੱਤ, ਗੁਰਜੀਤ ਰਾਏਸਰ, ਕੌਰ ਸਿੰਘ ਸੇਖੋਂ ਅਤੇ ਸੁਖਵਿੰਦਰ ਪੱਪੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਮਿਲ ਕੇ ਸੀਮਤ ਸਾਧਨਾ ਨਾਲ ਇਸ ਮੇਲੇ ਨੂੰ ਸਾਰਥਕਤਾ ਦਿੱਤੀ। ਉਨ੍ਹਾਂ ਦਾ ਇਹ ਫੈਸਲਾ ਕਿ ਹਰ ਸਾਲ ਉਦਾਸੀ ਯਾਦਗਾਰੀ ਮੇਲਾ ਪੰਜਾਬ ਦੀਆਂ ਸਭਿਆਚਾਰਕ ਸਰਗਮੀਆਂ ਦਾ ਇਕ ਜ਼ਰੂਰੀ ਅੰਗ ਹੋਵੇਗਾ। ਇਨਕਲਾਬੀ ਸਭਿਆਚਾਰ ਦੇ ਸੰਦਰਭ ਵਿਚ ਇਕ ਉਤਸਾਹਜਨਕ ਫੈਸਲਾ ਹੈ। ਪੰਜਾਬ ਲੋਕ ਸਭਿਆਚਾਰਕ ਮੰਚ ਦਾ ਇਸ ਵਿਚ ਹਰ ਕਿਸਮ ਦਾ ਸਹਿਯੋਗ ਹੋਵੇਗਾ। ਇਹ ਮੰਚ ਦੇ ਪ੍ਰਧਾਨ ਦੀ ਹੈਸੀਅਤ ਵਿਚ ਮੇਰਾ ਇਨ੍ਹਾਂ ਦੋਸਤਾਂ ਨਾਲ ਵਾਅਦਾ ਹੈ।

**'ਵਤਨ' ਦਾ ਬੰਦ ਹੋਣਾ ਇਕ ਉਦਾਸ ਖ਼ਬਰ:** ਵੈਨਕੂਵਰ ਕੈਨੇਡਾ ਤੋਂ ਨਿਕਲਦਾ ਪੰਜਾਬੀ ਬੋਲੀ ਸਾਹਿਤ ਅਤੇ ਸਭਿਆਚਾਰਕ ਤ੍ਰੈਮਾਸਕ ਪੱਤਰ 'ਵਤਨ' ਬੰਦ ਕਰ ਦਿੱਤਾ ਗਿਆ ਹੈ। ਆਖਰੀ ਅੰਕ ਦੇ ਮੁੱਖ ਸਫੇ 'ਤੇ ਇਹ ਲਾਈਨਾਂ ਦਰਜ ਹਨ –'ਵਤਨ' ਦਾ ਬੰਦ ਹੋਣਾ ਏਡੇ ਅਫਸੋਸ ਦੀ ਗੱਲ ਨਹੀਂ ਹੈ। 'ਵਤਨ' ਹੋਰ ਵੀ ਸ਼ੁਰੂ ਹੋਣਗੇ ਤੇ ਬੰਦ ਵੀ ਅਫਸੋਸ ਦੀ ਗੱਲ ਹੈ, ਉਸ ਸਥਿਤੀ ਦਾ ਪੈਦਾ ਹੋਣਾ ਜੋ 'ਵਤਨ' ਦੇ ਬੰਦ ਹੋਣ ਲਈ ਜ਼ਿੰਮੇਵਾਰ ਹੈ – ਇਨ੍ਹਾਂ ਲਾਈਨਾਂ ਦੇ ਨਾਲ ਹੀ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਦੇ ਬੋਲ ਵੀ ਹਨ ਕਿ ਸਭ ਤੋਂ ਖਤਰਨਾਕ ਹੁੰਦਾ ਹੈ, ਸਾਡੇ ਸੁਪਨਿਆਂ ਦਾ ਮਰ ਜਾਣਾ। ਸਾਧੂ ਅਤੇ ਸੁਖਵੰਤ ਹੁੰਦਲ ਨੇ ਆਪਣੇ ਸੰਪਾਦਕੀ ਲੇਖ ਵਿਚ ਉਨ੍ਹਾਂ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ ਜਿਨ੍ਹਾਂ ਕਰ ਕੇ 'ਵਤਨ' ਬੰਦ ਕਰਨਾ ਪਿਆ ਹੈ। ਉਹ ਲਿਖਦੇ ਹਨ – "ਇਸ ਦੇ ਕਾਰਨ ਹਨ ਪਰ ਇਨ੍ਹਾਂ ਕਾਰਨਾਂ ਵੱਲ ਜਾਣ ਤੋਂ ਪਹਿਲਾਂ ਅਸੀਂ ਇਹ ਗੱਲ ਸਾਫ ਕਰ ਦੇਣਾ ਚਾਹੁੰਦੇ ਹਾਂ ਕਿ ਜਿਨ੍ਹਾਂ ਆਸ਼ਿਆਂ ਵਾਸਤੇ ਵਤਨ ਸ਼ੁਰੂ ਕੀਤਾ ਗਿਆ ਸੀ, ਸਾਡੇ ਮਨਾਂ ਵਿਚ ਉਨ੍ਹਾਂ ਆਸ਼ਿਆਂ ਸਬੰਧੀ ਅੱਜ ਵੀ ਕਿਸੇ ਕਿਸਮ ਦੀ ਕੋਈ ਸ਼ੰਕਾ ਨਹੀਂ ਆਈ। ਅਸੀਂ ਹੁਣ ਵੀ ਪਹਿਲਾਂ ਵਾਂਗ ਹੀ ਮਹਿਸੂਸ ਕਰਦੇ ਹਾਂ ਕਿ ਕੈਨੇਡਾ/ ਅਮਰੀਕਾ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਵਾਧੇ ਲਈ, ਸਾਡੇ ਭਾਈਚਾਰੇ ਨੂੰ ਦਰਪੇਸ਼ ਗੰਭੀਰ ਮਸਲਿਆਂ ਬਾਰੇ ਵਿਚਾਰਾਂ ਦੇ ਤਬਾਦਲੇ ਲਈ ਅਤੇ ਸਾਹਿਤ ਨੂੰ ਮਾਨਣ ਲਈ 'ਵਤਨ' ਵਰਗੇ ਪਰਚੇ ਦੀ ਸਖਤ ਜ਼ਰੂਰਤ ਹੈ। ਅਸੀਂ ਬੱਸ ਥੱਕ ਗਏ ਹਾਂ।" ਸੰਪਾਦਕਾਂ ਨੇ ਬੜੀ ਈਮਾਨਦਾਰੀ ਨਾਲ ਸੰਸਾਰ ਦੀ ਬਦਲਦੀ ਸਥਿਤੀ ਵਿਚ ਉਨ੍ਹਾਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਹੈ, ਜੋ ਸੰਘਰਸ਼ ਕਰਦੇ ਉਨ੍ਹਾਂ ਲੋਕਾਂ ਦੇ ਸਾਹਮਣੇ ਹਨ ਜੋ ਇਸ ਸਮਾਜ ਅਤੇ ਸੁਸਾਇਟੀ ਨੂੰ ਸਮਾਜਿਕ ਨਿਆਂ ਦੀਆਂ ਲੀਹਾਂ 'ਤੇ ਚਲਦਾ ਵੇਖਣਾ ਚਾਹੁੰਦੇ ਹਨ। ਸੰਪਾਦਕਾਂ ਦੀ ਵਿਸ਼ਲੇਸ਼ਣ ਵਾਲੀ ਲਿਖਤ ਆਪਣੇ ਆਪ ਵਿਚ ਇਕ ਗੰਭੀਰ ਅਤੇ ਮਹੱਤਵਪੂਰਨ ਦਸਤਾਵੇਜ਼ੀ ਲਿਖਤ ਹੈ। 'ਵਤਨ' ਦੇ ਸੰਪਾਦਕਾਂ ਨੇ ਅਲਵਿਦਾਈ ਸਲਾਮ ਕਹੀ ਹੈ ਪਰ ਇਹ ਅਲਵਿਦਾ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਨੂੰ ਝੰਜੋੜੇਗੀ ਜ਼ਰੂਰ। ਪਹਿਲਾਂ 'ਵਤਨੋਂ ਦੂਰ' ਅਤੇ ਫੇਰ 'ਵਤਨ' ਦੀ ਪ੍ਰਗਤੀਸ਼ੀਲ ਸਾਹਿਤਕ ਲਹਿਰ ਵਿਚ ਇਕ ਗੌਰਵਮਈ ਥਾਂ ਰਹੀ ਅਤੇ ਲਹਿਰ ਦੇ ਇਤਿਹਾਸ ਵਿਚ ਇਹ ਗੌਰਵਮਈ ਥਾਂ ਕਾਇਮ ਰਹੇਗੀ। ਥੱਕ ਜਾਣ 'ਤੇ ਵੀ ਸੰਪਾਦਕਾਂ ਅਤੇ ਹੋਰ ਪ੍ਰਬੰਧਕਾਂ ਨੂੰ ਉਨ੍ਹਾਂ ਦੀ ਈਮਾਨਦਾਰੀ ਅਤੇ ਘਾਲਣਾ ਲਈ ਸਲਾਮ।

**ਸੁਖਬੀਰ ਦਾ ਕਵਿਤਾ ਸਬੂਤ ਬਾਰੇ ਰੋਸ:** ਇਹ ਰੋਸ 12 ਦਸੰਬਰ ਦੇ 'ਪੰਜਾਬੀ ਟ੍ਰਿਬਿਊਨ' ਦੇ 'ਸੰਪਾਦਕ ਦੀ ਡਾਕ' ਕਾਲਮ ਵਿਚ ਸੁਖਬੀਰ ਹੋਰਾਂ ਵਲੋਂ ਕੀਤਾ ਗਿਆ ਹੈ ਕਿ ਮੇਰੇ ਕਾਲਮ ਵਿਚ ਦਿੱਤੀ ਗਈ ਕਵਿਤਾ 'ਸਬੂਤ' ਉਨ੍ਹਾਂ ਦੀ ਨਹੀਂ ਹੈ। ਇਹ ਕਵਿਤਾ ਮੈਂ 1987 ਦੀ ਚੋਣਵੀਂ ਕਵਿਤਾ ਵਿਚੋਂ ਲਈ ਸੀ। ਮੈਂ ਇਸ ਕਵਿਤਾ ਨੂੰ ਇਹਦੇ ਕੇਂਦਰੀ ਵਿਚਾਰ ਕਰ ਕੇ ਆਪਣੇ ਕਾਲਮ ਵਿਚ ਸ਼ਾਮਲ ਕੀਤਾ ਸੀ। ਇਹਦੇ ਛਪਣ ਵਿਚ ਜ਼ਰੂਰ ਕਿਧਰੇ ਗਲਤੀ ਹੋਈ ਹੈ। ਕਵਿਤਾ ਦੇ ਗੁਣਾਂ ਬਾਰੇ ਮੈਂ ਉਨ੍ਹਾਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਸੁਖਬੀਰ ਹੋਰਾਂ ਨੂੰ 'ਸਬੂਤ' ਵਰਗੀ ਕਵਿਤਾ ਨਾਲ ਆਪਣਾ ਨਾਂ ਜੁੜਿਆ ਵੇਖ ਕੇ ਤਕਲੀਫ ਹੋਈ ਹੈ, ਇਸ ਦੇ ਲਈ ਮੈਂ ਖਿਮਾਂ ਦਾ ਜਾਚਕ ਹਾਂ।